e-ISSN: 2348-6848
p-ISSN: 2348-795X
Volume 04 Issue 19
December 2017

# ਬਲਵੰਤ ਗਾਰਗੀ ਰਚਿਤ ਰੇਖਾ-ਚਿੱਤਰਾਂ ਦਾ ਰੂਪਗਤ ਅਧਿਐਨ *
## (‘ਕੌਡੀਆਂ ਵਾਲਾ ਸੱਪ’ ਅਤੇ ‘ਹੁਸੀਨ ਚਿਹਰੇ’ ਦੇ ਸੰਦਰਭ ਵਿੱਚ)

ਬਲਵੰਤ ਗਾਰਗੀ ਨਾਲ ਪੰਜਾਬੀ ਵਾਰਤਕ ਵਿੱਚ ਰੇਖਾ-ਚਿੱਤਰਾਂ ਦਾ ਆਗਮਨ ਹੋਇਆ। ਉਸਨੇ ‘ਨਿੰਮ ਦੇ ਪੱਤੇ’ ਰੇਖਾ-ਚਿੱਤਰ ਨਾਲ ਆਪਣੇ ਵਾਰਤਕ ਜੀਵਨ ਦੀ ਸੁਰੂਆਤ ਕੀਤੀ। ਉਸ ਤੋਂ ਬਾਅਦ ਲਗਾਤਾਰ ਵਾਰਤਕ ਸਾਹਿਤ ਦੀ ਰਚਨਾ ਕਰਦਾ ਰਿਹਾ। ਮੈਂ ਇਸ ਖੋਜ ਪੱਤਰ ਵਿੱਚ ਉਸਦੇ ਦੋ ਰੇਖਾ-ਚਿੱਤਰ ‘ਕੌਡੀਆਂ ਵਾਲਾ ਸੱਪ’ ਅਤੇ ‘ਹੁਸੀਨ ਚਿਹਰੇ’ ਦੇ ਰੂਪਗਤ ਅਧਿਐਨ ਨੂੰ ਆਪਣਾ ਵਿਸ਼ਾ ਬਣਾਇਆ ਹੈ। ਇਹਨਾਂ ਰੇਖਾ-ਚਿੱਤਰਾਂ ਵਿੱਚ ਉਸਨੇ ਪਾਤਰਾਂ ਦੇ ਅਣਜਾਣੇ ਪੱਖਾਂ ਨੂੰ ਪ੍ਰਤੀਕਾਂ, ਬਿੰਬਾਂ ਅਤੇ ਉਪਮਾਵਾਂ ਨਾਲ ਸਮੂਰਤ ਕੀਤਾ ਹੈ। ਉਸ ਦੀ ਸ਼ੈਲੀ ਵਿਅੰਗਾਤਮਕ ਅਤੇ ਤੀਖਣ ਹੈ, ਪਰ ਉਹ ਸੁਹਿਰਦਤਾ ਨੂੰ ਬਰਕਰਾਰ ਰੱਖਦਾ ਹੈ। ਉਹ ਲੇਖਕਾਂ ਦੇ ਜੀਵਨ, ਰੁਚੀਆਂ ਅਤੇ ਰਚਨਾ - ਪ੍ਰਕਿਰਿਆ ਆਦਿ ਨੂੰ ਹੀ ਉਜਾਗਰ ਨਹੀਂ ਕਰਦਾ, ਸਗੋਂ ਉਨ੍ਹਾਂ ਦੀਆਂ ਰਚਨਾਵਾਂ ਸੰਬੰਧੀ ਵੀ ਸਿਰਜਨਾਤਮਕ ਢੰਗ ਨਾਲ ਆਪਣੀ ਰਾਏ ਦਿੰਦਾ ਹੈ। ਰਚਨਾਕਾਰ ਦੀ ਬੌਧਿਕਤਾ ਦਾ ਇਕ ਗੁਣ ਉਸ ਸਮੇਂ ਵੀ ਸਾਹਮਣੇ ਆ ਜਾਂਦਾ ਹੈ, ਜਦ ਉਹ ਆਪਣੇ ਕਿਸੇ ਪਾਤਰਾਂ ਦੀ ਕਲਾ ਦੀ ਤੁਲਨਾ ਕਿਸੇ ਹੋਰ ਪਾਤਰ ਦੀ ਰਚਨਾ ਨਾਲ ਕਰਦਾ ਹੈ। ਉਹ ਪਾਤਰਾਂ ਨੂੰ ਨਾਇਕ ਵਜੋਂ ਉਭਾਰਨ ਦੀ ਥਾਂ ਉਨ੍ਹਾਂ ਨੂੰ ਮਾਨਵੀ ਧਰਾਤਲ ਉੱਪਰ ਰੱਖ ਕੇ ਚਿਤਰਦਾ ਹੈ। ਉਨ੍ਹਾਂ ਦੀਆਂ ਮਾਨਵੀ ਕਮਜ਼ੋਰੀਆਂ ਅਤੇ ਨਗੁਨਤਾਵਾਂ ਰਾਹੀਂ ਉਹਨਾਂ ਦੇ ਅਵਚੇਤਨ ਵਿੱਚ ਝਾਕਣ/ਉਤਰਨ ਦਾ ਯਤਨ ਕਰਦਾ ਹੈ। ਉਹ ਅਨੁਭਵੀ ਸੂਝ ਵਾਲਾ, ਰੌਚਕ ਅਤੇ ਕਟਾਖ਼ਸਮਈ ਸ਼ੈਲੀ ਵਾਲਾ ਵਾਰਤਾਕਾਰ ਹੈ। ਉਸਦੇ ਇਹ ਰੇਖਾ-ਚਿੱਤਰ ਵਾਰਤਕ ਖੇਤਰ ਵਿੱਚ ਉੱਤਮ ਦਰਜ਼ੇ ਦੀਆਂ ਸਾਹਿਤਕ ਰਚਨਾਵਾਂ ਹਨ।

ਰੇਖਾ-ਚਿੱਤਰ ਆਧੁਨਿਕ ਵਾਰਤਕ ਦਾ ਪ੍ਰਸਿੱਧ ਸਾਹਿਤਕ ਰੂਪ ਹੈ। ਇਕ ਸਾਹਿਤਕ ਵਿਧਾ ਵਜੋਂ ਰੇਖਾ-ਚਿੱਤਰ ਦੇ ਅੰਤਰਗਤ ਸ਼ਬਦ ਰੇਖਾਵਾਂ ਦਾ ਕੰਮ ਕਰਦੇ ਹਨ। ‘‘ਰੇਖਾ-ਚਿੱਤਰ ਵਿੱਚ ਕਿਸੇ ਖ਼ਾਸ ਵਿਅਕਤੀ, ਵਸਤੂ ਜਾਂ ਸਥਾਨ ਦੀਆਂ ਵਿਸ਼ੇਸ਼ਤਾਵਾਂ ਨੂੰ ਵਸਤੂਗਤ ਢੰਗ ਨਾਲ ਸੰਖੇਪ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਵਿਅਕਤੀ ਦੇ ਗੁਣਾਂ ਦੀ ਵਿਆਖਿਆ ਉਸਦੇ ਕਾਰਜਾਂ ਦੇ ਵਰਣਨ ਰਾਹੀਂ ਕੀਤੀ ਜਾਂਦੀ ਹੈ। ਵਰਣਨ ਅੰਤਰਮੁਖੀ ਵੀ ਹੁੰਦਾ ਹੈ ਅਤੇ ਬਾਹਰਮੁਖੀ ਵੀ।’’[1]

--------------------------------------------------------

International Journal of Research
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

*ਮਮਤਾ ਰਾਣੀ, ਅਸਿਸਟੈਂਟ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ, ਰੀਜ਼ਨਲ ਸੈਂਟਰ,
ਸ੍ਰੀ ਮੁਕਤਸਰ ਸਾਹਿਬ, Email: mamtahanda1987@gmail.com

ਇਹ ਵਾਰਤਕ ਦਾ ਅਜਿਹਾ ਸੰਖੇਪ ਬਿਰਤਾਂਤ ਹੈ, ਜਿਸ ਵਿੱਚ ਅਸਲੀ ਜਾਂ ਕਲਪਿਤ ਵਿਅਕਤੀ ਦਾ ਸ਼ਬਦਾਂ ਰਾਹੀਂ ਚਰਿਤਰ-ਚਿਤਰਨ ਹੁੰਦਾ ਹੈ। ਇਸ ਵਿਚ ਪਾਤਰਾਂ ਦੀ ਬਾਹਰੀ ਦਿੱਖ, ਪਹਿਰਾਵਾ, ਨੈਣ-ਨਕਸ਼ ਦੇ ਨਾਲ ਉਹਨਾਂ ਦੇ ਮਨ ਵਿਚਲੇ ਭਾਵਾਂ, ਉਥਲ-ਪੁਥਲ, ਅੰਤਰ-ਦਵੰਦਾ ਅਤੇ ਵਿਰੋਧਾਂ ਨੂੰ ਸ਼ਬਦਾਂ ਰਾਹੀਂ ਅਗਰਭੂਮਿਤ ਕੀਤਾ ਜਾਂਦਾ ਹੈ। ਰੇਖਾਕਾਰ ਘੱਟ ਤੋਂ ਘੱਟ ਸ਼ਬਦਾਂ ਰਾਹੀਂ ਆਪਣੀ ਕਲਮ ਦੀ ਛੂਹ ਨਾਲ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦਾ ਇਕ ਨਿਸ਼ਚਿਤ ਦ੍ਰਿਸ਼ਟੀਕੋਣ ਤੋਂ ਖਾਕਾ ਖਿੱਚ ਦਿੰਦਾ ਹੈ।

ਪੰਜਾਬੀ ਸਾਹਿਤ ਵਿੱਚ ਰੇਖਾ-ਚਿੱਤਰ ਵਿਧਾ ਪਿਛਲੀ ਸਦੀ ਦੇ ਅੱਧ ਤੋਂ ਬਾਅਦ ਹੋਂਦ ਵਿੱਚ ਆਈ। ਬਲਵੰਤ ਗਾਰਗੀ ਇਸ ਵਿਧਾ ਦਾ ਪਹਿਲਾ ਅਤੇ ਸਥਾਪਤ ਕਲਾਕਾਰ ਹੈ। ਉਸਦੀ ਪ੍ਰਥਮ ਪੁਸਤਕ 'ਨਿੰਮ ਦੇ ਪੱਤੇ' 1961 ਵਿੱਚ ਪ੍ਰਕਾਸ਼ਤ ਹੋਈ। ਇਸ ਤੋਂ ਮਗਰੋਂ ਉਸਨੇ 'ਸੁਰਮੇ ਵਾਲੀ ਅੱਖ' (1964), 'ਕੌਡੀਆਂ ਵਾਲਾ ਸੱਪ' (1980), 'ਹੁਸੀਨ ਚਿਹਰੇ' (1985) ਪੁਸਤਕਾਂ ਦੀ ਰਚਨਾ ਕੀਤੀ। ਉਸਨੇ 1991 ਵਿੱਚ ਆਪਣੀਆਂ ਇਹਨਾਂ ਪੁਸਤਕਾਂ ਦਾ ਇੱਕ ਸੰਗ੍ਰਹਿ 'ਸ਼ਰਬਤ ਦੀਆਂ ਘੁੱਟਾਂ' ਵੀ ਪ੍ਰਕਾਸ਼ਿਤ ਕੀਤਾ। ਉਸਦੀ ਪੰਜਵੀਂ ਰੇਖਾ-ਚਿੱਤਰ ਪੁਸਤਕ 'ਪੰਜਾਬ ਦੇ ਮਹਾਨ ਕਲਾਕਾਰ' (1995) ਹੈ। ਪਾਤਰਾਂ ਨਾਲ ਬਿਤਾਏ ਹੋਏ ਪਲ, ਯਾਦਾਂ ਅਤੇ ਨਿੱਜੀ ਮਿਲਣੀਆਂ ਉਸਦੇ ਰੇਖਾ-ਚਿੱਤਰਾਂ ਦੀ ਆਧਾਰ ਸਮੱਗਰੀ ਹਨ। ਇਹਨਾਂ ਪਾਤਰਾਂ ਦਾ ਕ੍ਰਮਵਾਰ ਵੇਰਵਾ ਇਸ ਪ੍ਰਕਾਰ ਹੈ:-

**'ਕੌਡੀਆਂ ਵਾਲਾ ਸੱਪ' ਦੇ ਪਾਤਰ**

- ਅਜੀਤ ਕੌਰ (ਕਾੜ੍ਹਨੀ)
- ਸੰਤ ਸਿੰਘ ਸੇਖੋਂ (ਕਾਲਜ ਦਾ ਵਾਈਸ ਚਾਂਸਲਰ)
- ਅੰਮ੍ਰਿਤਾ ਪ੍ਰੀਤਮ (ਅੰਮ੍ਰਿਤਾ ਪ੍ਰੀਤਮ)
- ਪ੍ਰੋਫੈਸਰ ਮੋਹਨ ਸਿੰਘ (ਪ੍ਰੋਫੈਸਰ ਮੋਹਨ ਸਿੰਘ)
- ਕਰਤਾਰ ਸਿੰਘ ਦੁੱਗਲ (ਕਰਤਾਰ ਸਿੰਘ ਦੁੱਗਲ)
- ਸ਼ਿਵ ਕੁਮਾਰ ਬਟਾਲਵੀ (ਕੌਡੀਆਂ ਵਾਲਾ ਸੱਪ)

## 'ਹੁਸੀਨ ਚਿਹਰੇ' ਦੇ ਪਾਤਰ

- ਸਆਦਤ ਹਸਨ ਮੰਟੋ (ਸਆਦਤ ਹਸਨ ਮੰਟੋ)
- ਖੁਸ਼ਵੰਤ ਸਿੰਘ (ਖੁਸ਼ਵੰਤ ਸਿੰਘ)
- ਰੇਸ਼ਮਾ (ਰੇਸ਼ਮਾ)
- ਦੇਵਿੰਦਰ ਸਤਿਆਰਥੀ (ਭ੍ਰਿਗੂ ਰਿਸ਼ੀ)
- ਸਾਹਿਰ ਲੁਧਿਆਣਵੀ (ਜਵਾਨੀ ਦਾ ਸ਼ਾਇਰ)
- ਫ਼ਿਕਰ ਤੌਂਸਵੀ (ਫ਼ਿਕਰ ਤੌਂਸਵੀ)
- ਸ਼ਿਵ ਕੁਮਾਰ ਬਟਾਲਵੀ (ਸ਼ਿਵ ਬਟਾਲਵੀ)
- ਐਮ.ਐਸ. ਰੰਧਾਵਾ (ਐਮ.ਐਸ. ਰੰਧਾਵਾ)
- ਰਾਜਿੰਦਰ ਸਿੰਘ ਬੇਦੀ (ਰਾਜਿੰਦਰ ਸਿੰਘ ਬੇਦੀ)
- ਯਾਮਿਨੀ ਕ੍ਰਿਸ਼ਨਾਮੂਰਤੀ (ਯਾਮਿਨੀ ਕ੍ਰਿਸ਼ਨਾਮੂਰਤੀ)
- ਭਾਪਾ ਪ੍ਰੀਤਮ ਸਿੰਘ (ਭਾਪਾ ਪ੍ਰੀਤਮ ਸਿੰਘ)

ਬਲਵੰਤ ਗਾਰਗੀ ਰਚਿਤ ਰੇਖਾ-ਚਿੱਤਰਾਂ ਦੀ ਖ਼ਾਸੀਅਤ ਇਹ ਹੈ ਕਿ ਉਹ ਰਚਨਾ ਦੇ ਆਰੰਭ ਵਿੱਚ ਹੀ ਸੰਬੰਧਤ ਪਾਤਰਾਂ ਬਾਰੇ ਅਜਿਹੀ ਵਾਕਫ਼ੀ ਦੇ ਜਾਂਦੇ ਹਨ, ਜਿਸ ਨਾਲ ਉਹ ਵਧੇਰੇ ਆਕਰਸ਼ਕ ਅਤੇ ਖਿੱਚ-ਭਰਪੂਰ ਬਣ ਜਾਂਦੇ ਹਨ। ਉਸਦੇ ਕਈ ਰੇਖਾ-ਚਿੱਤਰ ਨਾਟਕ ਵਾਂਗ ਆਰੰਭ ਹੁੰਦੇ ਹਨ। ਦੇਵਿੰਦਰ ਸਤਿਆਰਥੀ ਨੇ ਅਲਖ ਜਗਾਈ, "ਬਚਾ ਲੈ ਮੈਨੂੰ ! ਹੁਣ ਤਾਂ ਬਚਾ ਲੈ ! ਪੰਦਰਾਂ ਸਾਲ ਹੋ ਗਏ ! ਪਾਣੀ ਸਿਰਾਂ ਤੋਂ ਦੀ ਲੰਘ ਗਿਐ ! ਮੌਤ ਕਿਨਾਰੇ ਖੜ੍ਹਾ ਹਾਂ ! ਹੁਣ ਤਾਂ ਬਚਾ ਲੈ !"[2] ਉਕਤੀ ਨੂੰ ਪ੍ਰਭਾਵਜਨਕ ਬਣਾਉਣ ਲਈ ਬਲਵੰਤ ਗਾਰਗੀ ਅਨੁਪ੍ਰਾਸ, ਉਪਮਾ ਅਤੇ ਅਤਿਕਥਨੀ ਅਲੰਕਾਰਾਂ ਦੀ ਵਰਤੋਂ ਕਰਦਾ ਹੈ। ਅਲੰਕ੍ਰਿਤ ਅਤੇ ਰਸੀਲੀ ਸ਼ੈਲੀ ਹੀ ਬਲਵੰਤ ਗਾਰਗੀ ਨੂੰ ਵਾਰਤਾਕਾਰੀ ਵਿੱਚ ਵਿਲੱਖਣ ਸਥਾਨ ਪ੍ਰਦਾਨ ਕਰਦੀ ਹੈ। ਉਪਮਾਵਾਂ ਢੁਕਵੀਆਂ ਹੋਣ ਕਾਰਨ ਰੇਖਾ-ਚਿੱਤਰਾਂ ਵਿੱਚ ਰੌਚਿਕਤਾ ਆਰੰਭ ਤੋਂ ਅੰਤ ਤੱਕ ਕਾਇਮ ਰਹਿੰਦੀ ਹੈ। ਉਹ ਅਲੰਕਾਰਾਂ ਨੂੰ ਸੁਚੱਜੇ ਢੰਗ ਨਾਲ ਵਰਤ ਕੇ ਰਚਨਾ ਨੂੰ ਰਸਦਾਇਕ ਅਤੇ ਉਤਸੁਕਤਾ ਭਰਪੂਰ ਬਣਾਉਂਦਾ ਹੈ:-

- ਉਸਦੀ ਭਟਕੀ ਹੋਈ ਆਤਮਾ ਪਾਣੀ ਵਾਂਗ ਹੈ, ਜੋ ਜਿਸ ਭਾਂਡੇ ਵਿੱਚ ਪਾਉ, ਉਸੇ ਦਾ ਰੂਪ ਧਾਰ ਲੈਂਦੀ ਹੈ। ਮੈਂ ਖੁਦ ਇਕ ਭਟਕੀ ਹੋਈ ਰੂਹ ਹਾਂ ...।[3] (ਸੰਤ ਸਿੰਘ ਸੇਖੋਂ)
- ਮੈਂ ਸਾਰੀ ਰਾਤ ਉਸ ਨਾਲ ਪਿਆਰ ਕਰਾ। ਤਪਦਾ ਹੋਇਆ ਪਿਆਰ, ਅੱਗ ਵਰਗਾ ਸੇਕ ਮਾਰਦਾ ਪਿਆਰ, ਲਾਵੇ ਵਾਂਗ ਪਿਘਲਿਆ ਹੋਇਆ ... ਸਾਰੀ ਰਾਤ।[4] (ਅਜੀਤ ਕੌਰ)
- ਵਕਤ ਨੂੰ ਕੋਈ ਰੋਕ ਨਹੀਂ ਸਕਦਾ। ਇਸਨੇ ਜਾਇਆ ਹੀ ਹੋਣਾ ਹੈ। ਤੀਵੀਂ ਦੀ ਜੁਆਨੀ ਵਾਂਗ, ਜਿਸਨੂੰ ਕੋਈ ਤਾਕਤ ਬੰਨ੍ਹ ਕੇ ਨਹੀਂ ਰੱਖ ਸਕਦੀ।[5] (ਪ੍ਰੋਫੈਸਰ ਮੋਹਨ ਸਿੰਘ)
- ਇਹ ਜ਼ਰਮਨੀ ਮਸ਼ੀਨ ਉਹਨਾਂ ਨੇ ਨਾਲ ਦੇ ਵੱਡੇ ਕਮਰੇ ਵਿੱਚ ਨਵੀਂ ਮੱਝ ਵਾਂਗ ਬੰਨ੍ਹ ਦਿੱਤੀ। ਇਸਦਾ ਦੁੱਧ ਸੰਘਣਾ ਤੇ ਧਾਰਾਂ ਸੁਰੀਲੀਆਂ।[6] (ਭਾਪਾ ਪ੍ਰੀਤਮ ਸਿੰਘ)
- ਮੈ ਤਾਂ ਤੇਰਾ ਫ਼ੈਨ ਹਾਂ। ਹਰ ਰੋਜ਼ ਤੇਰਾ ਕਾਲਮ ਪੜ੍ਹਦਾ ਹੈ। ਅਫ਼ੀਮ ਦੀ ਆਦਤ ਵਾਂਗ ਹੈ ਤੇਰੀ ਲਿਖਤ।[7] (ਫ਼ਿਕਰ ਤੌਂਸਵੀ)

ਰਚਨਾਕਾਰ ਆਪਸੀ ਪਿਆਰ ਭਾਵ, ਮੁਲਾਕਾਤਾਂ, ਨਿੱਜੀ ਮਿਲਣੀਆਂ ਅਤੇ ਸਾਹਿਤਕਾਰਾਂ ਨਾਲ ਆਪਣੇ ਵਰਤੋਂ ਵਿਹਾਰ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ। ਉਸਦੇ ਰੇਖਾ-ਚਿੱਤਰ ਸਿਰਜਨਾ ਅਤੇ ਆਲੋਚਨਾ ਦਾ ਸੁਮੇਲ ਹਨ। ਉਸਨੇ ਪਾਤਰਾਂ ਦੇ ਅਗਿਆਤ ਪੱਖਾਂ ਨੂੰ ਚਿਤਰਨ ਲਈ ਆਲੋਚਨਾਤਮਕ ਅਤੇ ਪਾਰਖੂ ਦ੍ਰਿਸ਼ਟੀਕੋਣ ਅਪਣਾਇਆ ਹੈ। ਇਹਨਾਂ ਅਣਛੋਹੇ ਪੱਖਾਂ ਨੂੰ ਪ੍ਰਤੱਖ ਕਰਵਾਉਣ ਲਈ ਉਹ ਸ਼ਖ਼ਸੀਅਤ ਨਾਲ ਕੀਤੀ ਸਾਧਾਰਨ ਬਾਤ-ਚੀਤ ਅਤੇ ਵਿਚਾਰ-ਚਰਚਾ ਨੂੰ ਆਧਾਰ ਬਣਾਉਂਦਾ ਹੈ। ਉਹ ਚਰਿੱਤਰ ਚਿਤਰਨ ਲਈ ਓਹਲਾ, ਸ਼ਰਮ ਜਾਂ ਪਰਦਾ ਰੱਖਣ ਤੋਂ ਗੁਰੇਜ ਕਰਦਾ ਹੋਇਆ ਯਥਾਰਥ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਵਿੱਚ ਹੈ :-

> ਮੈਂ ਆਖਿਆ, "ਤੇਰੇ ਉਤੇ ਫ਼ਿਲਮ ਬਣ ਰਹੀ ਹੈ ਜੋ ਸਾਰੇ ਦੇਸ਼ ਵਿੱਚ ਵਿਖਾਈ ਜਾਵੇਗੀ ... ਗੌਰਮਿੰਟ ਲੱਖਾਂ ਰੁਪਏ ਖਰਚ ਕੇ ਤੇਰਾ ਇਮੇਜ ਉੱਚਾ ਕਰ ਰਹੀ ਹੈ। ਤੇਰੀ ਸ਼ੁਹਰਤ ......."

"ਮੇਰੇ ਕੋਲ ਸ਼ੁਹਰਤ ਬਥੇਰੀ ਹੈ, ਪੈਸੇ ਦੀ ਲੋੜ ਹੈ ਮੈਨੂੰ। ਤੇ ਮੇਰੀਆਂ ਪੁਸ਼ਾਕਾ ਕਾਸਟਿਊਮਜ਼ ?"

"ਜੋ ਕਾਸਟਿਊਮਜ਼ ਤੇਰੇ ਕੋਲ ਹੈ ਤੂੰ ਉਹੀ ਵਰਤ ਲੈ। ਤੇਰੇ ਕੋਲ ਬੜੇ ਸੋਹਣੇ ਕਾਸਟਿਊਮਜ਼ ਹਨ।"

"ਉਹ ਘਸ ਜਾਣਗੇ"

"ਦਸ ਮਿੰਟ ਦੇ ਡਾਂਸ ਨਾਲ"

" ਹਾਂ । ਤੈਨੂੰ ਪਤਾ ਨਹੀਂ ਡਾਂਸ ਪਿਛੋਂ ਕਾਸਟਿਊਮਜ਼ ਦੀ ਕੀ ਹਾਲਤ ਹੁੰਦੀ ਹੈ। ਪਸੀਨਾ ... ਰਗੜਾਂ ... ਜਰੀ ... ਤਬਾਹੀ"।[8] (ਯਾਮਿਨੀ ਕ੍ਰਿਸ਼ਨਾਮੂਰਤੀ)

ਪਾਤਰਾਂ ਦੀ ਸਾਹਿਤਕ ਪ੍ਰਪੱਕਤਾ ਦੇ ਨਾਲ ਹੀ ਉਨ੍ਹਾਂ ਦੀ ਸਖਸ਼ੀਅਤ ਦੀਆਂ ਕਮਜ਼ੋਰੀਆਂ, ਪ੍ਰਾਪਤੀਆਂ ਦੇ ਨਾਲ ਹੀ ਅਪ੍ਰਾਪਤੀਆਂ, ਮੁਸ਼ਕਲਾਂ, ਕਠਿਨਾਈਆਂ ਅਤੇ ਸੰਘਰਸ਼ਾ ਆਦਿ ਨੂੰ ਪੇਸ਼ ਕੀਤਾ ਗਿਆ ਹੈ। ਇਹਨਾਂ ਸਭ ਦੇ ਕਾਰਨ ਜਾਣਨਾ ਅਤੇ ਉਨ੍ਹਾਂ ਕਾਰਨਾਂ ਦੀ ਤਹਿ ਤੱਕ ਜਾਣਾ ਬਲਵੰਤ ਗਾਰਗੀ ਦੇ ਇਹਨਾਂ ਰੇਖਾ-ਚਿੱਤਰਾਂ ਦੀ ਪ੍ਰਾਪਤੀ ਹੈ। 'ਕੌਡੀਆਂ ਵਾਲਾ ਸੱਪ' ਰੇਖਾ-ਚਿੱਤਰ ਰਾਹੀਂ ਉਹ ਰਚਨਾਕਾਰ ਅਤੇ ਰਚਨਾ ਦੇ ਆਪਸੀ ਸੰਬੰਧਾਂ ਦੀ ਗੱਲ ਕਰਦਾ ਹੈ। ਉਹ ਵਾਸਤਵਿਕਤਾ ਅਤੇ ਕਾਲਪਕਿਨਤਾ ਰਾਹੀਂ ਸ਼ਖ਼ਸੀਅਤ ਅਤੇ ਕਲਾ ਨੂੰ ਇੱਕ ਦੂਜੇ ਵਿੱਚ ਰਲ-ਗੱਡ ਕਰ ਦਿੰਦਾ ਹੈ। ਉਹ ਸਾਹਿਤਕਾਰਾਂ ਦੇ ਜੀਵਨੀਪਰਕ ਵੇਰਵਿਆਂ ਰਾਹੀਂ ਉਹਨਾਂ ਦੀ ਕਲਾ ਕਿਰਤ ਨੂੰ ਸਮਝਦਾ ਹੈ। ਇੱਥੇ ਪ੍ਰੀਤਮ ਸਿੰਘ ਦੁਆਰਾ ਉਸਦੇ ਰੇਖਾ-ਚਿੱਤਰਾਂ ਦੇ ਸਰੂਪ ਸੰਬੰਧੀ ਕੀਤੀ ਟਿੱਪਣੀ ਧਿਆਨ ਦੀ ਮੰਗ ਕਰਦੀ ਹੈ। "ਬਲਵੰਤ ਗਾਰਗੀ ਨੂੰ ਕਲਮੀ ਚਿਹਰੇ ਉਲੀਕਣ ਵਿੱਚ ਕਮਾਲ ਹਾਸਿਲ ਹੈ। ਉਹ ਆਪਣੇ ਵਿਸ਼ੇ ਨੂੰ ਬੇਹੱਦ ਦਿਲਚਸਪ ਢੰਗ ਨਾਲ ਬਿਆਨ ਕਰਨ ਵਿੱਚ ਉਸਤਾਦ ਹੈ। ਬਲਵੰਤ ਗਾਰਗੀ ਦੇ ਰੇਖਾ-ਚਿੱਤਰ ਉਸ ਵਿੱਚ ਲੁਕੇ ਬੈਠੇ ਕਸੀਦਾ-ਗੋ ਅਤੇ ਹਿਜਵ-ਗੋ ਸ਼ਾਇਰ ਦੀ ਅਥਾਹ ਸ਼ਕਤੀ ਨੂੰ ਸਾਡੇ ਸਾਹਮਣੇ ਪੇਸ਼ ਕਰਦੇ ਹਨ।"[9] ਉਹ ਪਾਤਰਾਂ ਬਾਰੇ ਰੇਖਾ-ਚਿੱਤਰ ਨਾ ਤਾਂ ਸ਼ਰਧਾ ਵੱਸ ਹੋ ਕੇ ਲਿਖਦਾ ਹੈ ਅਤੇ ਨਾ ਹੀ ਉਹਨਾਂ ਦੇ ਚਰਿੱਤਰ ਵਿਚਲੇ ਔਗੁਣਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੈ। ਉਹ ਨਿਰਪੱਖ ਅਤੇ ਦਲੇਰ ਚਿੱਤਰਕਾਰ ਹੈ। ਰਚਨਾਕਾਰ ਸ਼ਖ਼ਸੀਅਤਾਂ ਦੇ ਨਿੱਜੀ ਜੀਵਨ ਵਿੱਚੋਂ ਇਕੱਤਰ ਕੀਤੇ ਵੇਰਵਿਆਂ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਦਾ ਹੈ। "ਸਾਹਿਰ ਲੁਧਿਆਣਵੀ ਵਿੱਚ ਹਲੀਮੀ

ਸੀ, ਪਰ ਨਾਲ ਹੀ ਕਲਾਤਮਕ ਗ਼ਰੂਰ। ਉਸਨੂੰ ਆਪਣੀ ਪ੍ਰਤਿਭਾ ਦਾ ਪਤਾ ਸੀ। ਉਸਨੂੰ ਇਹ ਵੀ ਪਤਾ ਸੀ ਕਿ ਜਿਸਨੇ ਉਸ ਤੋਂ ਗਾਣੇ ਲਿਖਵਾਉਣੇ ਹਨ, ਉਹ ਉਸੇ ਤੋਂ ਹੀ ਗਾਣੇ ਲਿਖਵਾਏਗਾ। ਉਸਦੇ ਗੀਤਾਂ ਵਿੱਚ ਇੱਕ ਅਜੀਬ ਦਰਦ ਤੇ ਹੂਕ ਸੀ, ਜੋ ਹੋਰ ਕਿਸੇ ਵਿੱਚ ਨਹੀਂ ਸੀ। ਉਸਦਾ ਕਿਸੇ ਹੋਰ ਗੀਤਕਾਰ ਨਾਲ ਮੁਕਾਬਲਾ ਨਹੀਂ ਸੀ। ਸਭ ਉਸਨੂੰ ਗੁਰੂ ਮੰਨਦੇ ਸਨ ਤੇ ਉਸ ਅੱਗੇ ਝੁਕਦੇ ਸਨ।''[10] ਰਚਨਾਕਾਰ ਆਪਣੇ ਪਾਤਰਾਂ ਨੂੰ ਚਿਤਰਦੇ ਸਮੇਂ ਉਨ੍ਹਾਂ ਦੀਆਂ ਆਦਤਾਂ, ਖਾਣ-ਪੀਣ, ਉੱਠਣ-ਬੈਠਣ ਅਤੇ ਪਹਿਰਾਵੇ ਆਦਿ ਨੂੰ ਸੰਜਮਤਾ ਨਾਲ ਇੰਝ ਪੇਸ਼ ਕਰਦਾ ਹੈ ਕਿ ਜਿਵੇਂ ਇਹ ਸਾਹਿਤਕਾਰ ਸਾਖਸ਼ਾਤ ਸਾਡੇ ਸਾਹਮਣੇ ਵਿਚਰ ਰਹੇ ਹੋਣ। ਅੰਮ੍ਰਿਤਾ ਪ੍ਰੀਤਮ ਦੀ ਬਾਹਰੀ ਰੂਪ-ਰੇਖਾ ਅਤੇ ਪਹਿਰਾਵੇ ਬਾਰੇ ਜ਼ਿਕਰ ਕਰਦਾ ਹੈ:-

- ਅੰਮ੍ਰਿਤਾ ਪ੍ਰੀਤਮ ਨੇ ਸਿਗਰਟ ਸੁਲਗਾਈ ਤੇ ਬੋਲੀ, ''ਮੈਂ ਜੋ ਹਾਂ, ਸੋ ਮੈਂ ਹਾਂ। ਇਹ ''ਮੈਂ'' ਹੀ ਅੰਮ੍ਰਿਤਾ ਪ੍ਰੀਤਮ ਹੈ।'' ਉਸਨੇ ਬੁਲਗਾਰੀਆਂ ਦੀ ਰੰਗਦਾਰ ਕੁੜਤੀ ਤੇ ਅਮਰੀਕਨ ਜੀਨ ਪਾਈ ਹੋਈ ਸੀ, ਤੇ ਹੱਥ ਵਿੱਚ ਸਿਗਰਟ।[11]

ਸਆਦਤ ਹਸਨ ਮੰਟੋ ਦੀ ਬਾਹਰੀ ਰੂਪ-ਰੇਖਾ ਅਤੇ ਪਹਿਰਾਵਾ ਇਸ ਪ੍ਰਕਾਰ ਬਿਆਨਿਆ ਹੈ:-

- ਪਤਲਾ ਲੰਮਾ ਜਿਸਮ ਜਿਸ ਵਿੱਚ ਬੈਂਤ ਵਰਗੀ ਲਚਕ ਸੀ, ਚੌੜਾ ਮੱਥਾ, ਕਸ਼ਮੀਰੀ ਤਿੱਖਾ ਨੱਕ ਤੇ ਤੇਜ਼ ਅੱਖਾਂ ਉੱਤੇ ਚਸ਼ਮਾ, ਉਸਨੇ ਸਫ਼ੈਦ ਕਮੀਜ਼, ਸ਼ੇਰਵਾਨੀ, ਲੱਠੇ ਦੀ ਸਲਵਾਰ ਤੇ ਜਰੀ ਦਾ ਜੁੱਤਾ ਪਹਿਨਿਆ ਹੋਇਆ ਸੀ।[12]

ਰਾਜਿੰਦਰ ਸਿੰਘ ਬੇਦੀ ਅਤੇ ਪ੍ਰੋਫੈਸਰ ਮੋਹਨ ਸਿੰਘ ਦੇ ਕ੍ਰਮਵਾਰ ਖਾਣੇ ਸੰਬੰਧੀ ਸ਼ੌਂਕ ਅਤੇ ਖਾਣ ਦੇ ਪਰਹੇਜ ਬਾਰੇ ਚਰਚਾ ਵੀ ਕਰਦਾ ਹੈ:-

- ਰੇਡੀਓ ਸਟੇਸ਼ਨ ਉੱਤੇ ਜੇ ਕੋਈ ਉਸਨੂੰ ਸ਼ਾਮ ਦੇ ਖਾਣੇ ਲਈ ਰੋਕਦਾ ਤਾਂ ਉਹ ਕਦੇ ਨਾ ਰੁਕਦਾ। ਆਪਣੀ ਬੀਵੀ ਦੇ ਹੱਥ ਦੀ ਪੱਕੀ ਰੋਟੀ ਹੀ ਖਾਂਦਾ।[13]
- ਮੈ ਕਣਕ ਖਾਣੀ ਘੱਟ ਕਰ ਦਿੱਤੀ। ਇਸ ਉਮਰ ਵਿੱਚ ਕਣਕ ਆਦਮੀ ਦੀ ਦੁਸ਼ਮਣ ਤੇ ਘਿਓ ਨਿਰਾ ਜ਼ਹਿਰ। ਇਸ ਨਾਲ ਚਰਬੀ ਵੱਧ ਜਾਂਦੀ ਏ ਤੇ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਰਹਿੰਦਾ ਹੈ।[14]

ਉਹ ਪਾਤਰਾਂ ਦੇ ਲਿਬਾਸ ਅਤੇ ਖਾਣੇ ਸੰਬੰਧੀ ਸ਼ੌਂਕ ਤੋਂ ਗੱਲ ਸ਼ੁਰੂ ਕਰਕੇ ਉਹਨਾਂ ਦੇ ਅੰਤਰਮਨ ਤੱਕ ਪਹੁੰਚ ਕਰਦਾ ਹੈ। ਸ਼ਖ਼ਸੀਅਤ ਦੇ ਬਾਹਰੀ ਪੱਖਾਂ ਨੂੰ ਪੇਸ਼ ਕਰਨ ਦੇ ਨਾਲ ਹੀ ਉਹ ਉਹਨਾਂ ਦੇ ਅੰਤਰਮਨ ਵਿੱਚ ਚਲ ਰਹੀ ਮਾਨਸਿਕ ਉਧੇੜ-ਬੁਣ, ਦਵੰਦ, ਅੰਤਰ ਵਿਰੋਧਾਂ ਨੂੰ ਪਾਤਰਾਂ ਨਾਲ ਕੀਤੀਆਂ ਨਿੱਜੀ ਮਿਲਣੀਆਂ ਰਾਹੀਂ ਚਿਤਰਨ ਵਿੱਚ ਸਫ਼ਲ ਹੋਇਆ ਹੈ। ਉਹ ਆਪਣੇ ਪਾਤਰਾਂ ਦੀਆਂ ਗੁੱਝੀਆਂ ਰਮਜ਼ਾਂ ਨੂੰ ਸੁਹਿਰਦਤਾ ਨਾਲ ਪੇਸ਼ ਕਰਦਾ ਹੈ। ਉਸਦੀ ਤਿੱਖੀ ਮਨੋਵਿਗਿਆਨਕ ਸੂਝ ਪਾਤਰਾਂ ਨੂੰ ਧੁਰ ਅੰਦਰ ਤੱਕ ਜਾਨਣ ਦੀ ਸਮਰੱਥਾ ਰੱਖਦੀ ਹੈ।ਮਾਨਸਿਕ ਪ੍ਰਸਥਿਤੀਆਂ ਦੇ ਪਿੱਛੇ ਜਿਹੜਾ ਸਮਾਂ, ਸਥਾਨ ਅਤੇ ਹਾਲਾਤ ਕਾਰਜਸ਼ੀਲ ਰਹਿੰਦੇ ਹਨ, ਉਨ੍ਹਾਂ ਸਭ ਦਾ ਜ਼ਿਕਰ ਵੀ ਅੱਖੋਂ ਓਹਲੇ ਨਹੀ ਕੀਤਾ :-

> ਬੋਲਦਿਆਂ ਹੋਇਆ ਸੇਖੋਂ ਦਾ ਚਿਹਰਾ ਭਖ ਰਿਹਾ ਸੀ। ਮੱਥੇ ਉੱਤੇ ਪਸੀਨੇ ਦੀਆਂ ਕਣੀਆਂ ਤੇ ਅੱਖਾਂ ਵਿੱਚ ਚਮਕ। ਉਹ ਆਖ ਰਿਹਾ ਸੀ – "ਇਹ ਲੋਕ ਅੰਗਰੇਜ਼ੀ ਵਿੱਚ ਪੰਜਾਬੀ ਪੜ੍ਹਨਾ ਚਾਹੁੰਦੇ ਹਨ। ਪਰ ਆਲੋਚਕ ਪੰਜਾਬੀ ਸਿੱਖਣਾ ਹੀ ਨਹੀ ਚਾਹੁੰਦੇ।" ਸੇਖੋਂ ਥੱਕਿਆ ਥੱਕਿਆ ਜਾਪਦਾ ਸੀ। ਉਸਨੂੰ ਆਪਣਾ ਜਤਨ ਤੇ ਆਪਣੀ ਸਾਹਿਤੱਕ ਲੜਾਈ ਵਿਅਰਥ ਲਗ ਰਹੀ ਸੀ।[15]

ਉਸਨੇ ਦੇਵਿੰਦਰ ਸਤਿਆਰਥੀ ਦੇ ਮਨ ਵਿਚਲੇ ਭਾਵਾਂ, ਅਤ੍ਰਿਪਤ ਖਾਹਸ਼ਾਂ ਅਤੇ ਦੱਬੀਆਂ ਭਾਵਨਾਵਾਂ ਨੂੰ ਸਹਿਜ ਰੂਪ ਵਿੱਚ ਪੇਸ਼ ਕੀਤਾ ਹੈ। "ਦੂਜੇ ਸ਼ਾਇਰ ਜਦ ਕੁੜੀਆਂ ਵੱਲ ਦੇਖਦੇ ਨੇ ਤਾਂ ਇਹਨਾਂ ਦੀਆਂ ਗੱਲਾਂ ਲਾਲ ਹੋ ਜਾਂਦੀਆਂ। ਮੈਂ ਦੇਖਦਾ ਤਾਂ ਉਸੇ ਤਰ੍ਹਾਂ ਠੰਢੀਆਂ। ਉਹ ਸਮਝਦੀਆਂ ਹਨ ਕਿ ਸ਼ਾਇਦ ਮੈ ਪਿਤਾ ਦੀਆਂ ਨਜ਼ਰਾਂ ਨਾਲ ਦੇਖ ਰਿਹਾ ਹਾਂ ਉਹਨਾਂ ਨੂੰ। ਉਹਨਾਂ ਨੂੰ ਨਹੀਂ ਪਤਾ ਕਿ ਮੈਂ ਨੌਜਵਾਨ ਹਾਂ। ਮੇਰੇ ਸੀਨੇ ਵਿੱਚ ਦਿਲ ਹੈ, ਜੋ ਪਿਆਰ ਲਈ ਲੋਚਦਾ ਹੈ। ਮੈਂ ਕੋਈ ਰਿਸ਼ੀ ਨਹੀ, ਸਨਿਆਸੀ ਨਹੀ, ਦੇਵਤਾ ਨਹੀਂ। ਮੈਂ ਆਮ ਇਨਸਾਨ ਵਾਂਗ ਜੀਉਣਾ ਚਾਹੁੰਦਾ ਹਾਂ।"[16] "ਰੇਖਾ-ਚਿੱਤਰ ਆਪਣੇ ਪਾਤਰ ਦੇ ਸਮੁੱਚੇ ਜੀਵਨ-ਸਾਗਰ ਵਿੱਚ ਚੁੱਭੀ ਮਾਰਨਾ ਹੈ। ਇਹ ਸਧਾਰਨ ਵਸਤੂ ਵਿੱਚੋਂ ਅਲੌਕਿਕ ਸੁੰਦਰਤਾ ਨੂੰ ਜਨਮ ਦੇਣ ਦੀ ਵਿਧਾ ਹੈ। ਇਹ ਕੇਵਲ ਹਲਕਾ ਫੁਲਕਾ ਮੌਜ ਮੇਲਾ ਨਹੀਂ ਸਗੋਂ ਸ਼ਖ਼ਸੀਅਤ – ਨਿਗਾਰੀ ਹੈ, 'ਸਮੇਂ ਦਾ ਇਤਿਹਾਸ' ਹੈ। ਇਹ ਨਿਰੋਲ ਕਲਪਨਾ ਦੇ ਬਲਬੋਤੇ ਘੜੀ ਹੋਈ ਕਹਾਣੀ ਜਾਂ ਨਿੱਕੀ ਕਹਾਣੀ ਨਹੀਂ। ਇਸ ਵਿੱਚ ਵਿਅੰਗ ਹੈ; ਪਰ ਸੁਹਿਰਦਤਾ ਵੀ ਹੈ। ਪਾਤਰ ਦੀ ਆਤਮਿਕ ਸੁੰਦਰਤਾ ਨੂੰ ਨਿਹਾਰਨ ਦਾ ਜਤਨ

e-ISSN: 2348-6848
p-ISSN: 2348-795X
Volume 04 Issue 19
December 2017

ਹੈ।''[17] ਕਈ ਵਾਰ ਉਹ ਸੰਬੰਧਤ ਸ਼ਖ਼ਸੀਅਤ ਦੇ ਨਾਲ ਜੁੜੀ ਹੋਈ ਘਟਨਾਂ ਨੂੰ ਡੂੰਘਾਈ ਤੋਂ ਜਾਣਨ ਲਈ ਉਹਨਾਂ ਨਾਲ ਸੰਵਾਦ ਰਚਾਉਂਦਾ ਹੈ। ਉਹ ਪ੍ਰਸ਼ਨੋਤਰੀ ਜਾਂ ਸੰਵਾਦ ਸ਼ੈਲੀ ਦੀ ਮਦਦ ਨਾਲ ਆਪਣੇ ਪਾਤਰਾਂ ਦੇ ਮਨ ਦੀਆਂ ਪਰਤਾਂ ਨੂੰ ਖੋਲ੍ਹਣ ਦਾ ਉਦਮ ਕਰਦਾ ਹੈ। ਇੰਜ ਉਹ ਇਨ੍ਹਾਂ ਚਿੱਤਰਾਂ ਰਾਹੀਂ ਆਪਣੇ ਪਾਤਰਾਂ ਨੂੰ ਬਾਹਰੋਂ ਨਹੀਂ ਅੰਦਰੋਂ ਪਕੜਨ/ਚਿਤਰਨ ਵੱਲ ਰੁਚਿਤ ਦਿਖਾਈ ਦਿੰਦਾ ਹੈ :-

> ਮੈਂ ਪੁਛਿਆ, ''ਰੇਸ਼ਮਾਂ, ਤੂੰ ਬੀਕਾਨੇਰੀ ਘੱਗਰਾ ਤੇ ਬਾਂਕਾਂ ਕਿਉਂ ਨਹੀਂ ਪਾਉਂਦੀ?''
>
> ''ਪਹਿਲਾਂ ਮੈਂ ਘੱਗਰਾ ਹੀ ਪਾਉਂਦੀ ਸਾਂ। ਪੰਜ ਸੇਰ ਪੱਕੀ ਚਾਂਦੀ ਦੀਆਂ ਬਾਂਕਾਂ ਤੇ ਕੜੇ। ਅਸੀਂ ਟੱਪਰੀਵਾਸਣਾਂ ਜਵਾਨੀ ਵਿੱਚ ਜੋ ਬਾਂਕਾਂ ਪਾਉਂਦੀਆਂ ਹਾਂ, ਉਹ ਸਾਡੇ ਨਾਲ ਹੀ ਦਫ਼ਨ ਹੁੰਦੀਆਂ ਹਨ ... ਮੈਂ ਵੀ ਘੱਗਰਾ ਹੀ ਪਾਉਂਦੀ ਸਾਂ, ਪਰ ਸ਼ਹਿਰ ਵਿੱਚ ਆਈ ਤਾਂ ਪੜ੍ਹੇ ਲਿਖੇ ਲੋਕਾਂ ਨੂੰ ਇਹ ਲਿਬਾਸ ਪਸੰਦ ਨਹੀਂ ਸੀ... ਪਾਕਿਸਤਾਨ ਦਾ ਕੌਮੀ ਲਿਬਾਸ ਸਲਵਾਰ ਕਮੀਜ਼ ਹੈ, ਇਸ ਲਈ ਮੈਂ ਹੁਣ ਇਹੋ ਲਿਬਾਸ ਪਾਉਂਦੀ ਹਾਂ।''[18]

ਬਲਵੰਤ ਗਾਰਗੀ ਦੀ ਵਾਰਤਕ ਸ਼ੈਲੀ ਨੇ ਤੀਖਣਤਾ, ਰੌਚਕਤਾ ਅਤੇ ਸੁਝਾਉ ਨੂੰ ਆਪਣੇ ਅੰਦਰ ਸਮੋਇਆ ਹੋਇਆ ਹੈ। ਉਹ ਗਾਲਪਨਿਕ ਰਸ ਨੂੰ ਬਰਕਰਾਰ ਰੱਖਦਾ ਹੈ। ਰੇਖਾ-ਚਿੱਤਰਾਂ ਵਿੱਚ ਨਾਟਕੀਅਤਾ, ਗਾਲਪਨਿਕਤਾ, ਯਥਾਰਥਕਤਾ ਅਤੇ ਕਹਾਣੀ ਰਸ ਪੇਸ਼ ਕਰਨਾ ਉਸਦੀ ਲੇਖਣੀ ਦਾ ਕਮਾਲ ਹੈ। ਇਸੇ ਸ਼ੈਲੀ ਨੇ ਉਸਦੀ ਵਾਰਤਕ ਨੂੰ ਨਿਖਾਰ ਕੇ ਉਸਨੂੰ ਵਿਲੱਖਣਤਾ ਪ੍ਰਦਾਨ ਕੀਤੀ। ਉਸਦੀ ਸ਼ੈਲੀ ਪਾਠਕਾਂ ਨੂੰ ਆਪਣੇ ਨਾਲ ਜੋੜਨ ਦੇ ਸਮਰੱਥ ਹੈ। ਰਚਨਾਕਾਰ ਆਪਣੇ ਪਾਤਰਾਂ ਦੇ ਅਮੂਰਤ ਭਾਵਾਂ ਨੂੰ ਪ੍ਰਤੀਕਾਂ ਰਾਹੀਂ ਸਮੂਰਤ ਕਰਦਾ ਹੈ। ਪ੍ਰਤੀਕਾਂ ਦੀ ਢੁੱਕਵੀਂ ਵਰਤੋਂ ਕਰਕੇ ਉਹ ਆਪਣੀ ਗੱਲ ਨੂੰ ਸਮਝਾ ਵੀ ਜਾਂਦਾ ਹੈ ਅਤੇ ਗੁਪਤ ਵੀ ਰੱਖਦਾ ਹੈ। ਉਹ ਸੰਵੇਦਨਸ਼ੀਲ ਅਤੇ ਵਿਸ਼ਲੇਸ਼ਣ ਸ਼ਕਤੀ ਰਾਹੀਂ ਇੱਕੋ ਵੇਲੇ ਆਪਣੇ ਪਾਤਰਾਂ ਤੋਂ ਫਾਸਲਾ ਜਾਂ ਅਲਗਾਉ ਵਾਲਾ ਰਿਸ਼ਤਾ ਬਣਾ ਕੇ ਉਹਨਾਂ ਦਾ ਚਰਿੱਤਰ-ਚਿਤਰਣ ਕਰਦਾ ਹੈ। ਇਸ ਰੇਖਾ-ਚਿੱਤਰਕਾਰੀ ਵਿੱਚ ਉਸਦੀ ਕਲਾ ਸਿਖਰਾਂ ਨੂੰ ਛੂੰਹਦੀਂ ਹੈ :-

- ਇਹ ਸਾਰੇ ਕਵੀ ਸੱਪ ਹਨ, ਜੋ ਮੈਂ ਆਪਣੇ ਗਲ ਵਿੱਚ ਪਾਈ ਫਿਰਦਾ ਹਾਂ – ਕੁਝ ਮਰੇ ਹੋਏ, ਕੁਝ ਜ਼ਹਿਰੀ, ਕੁਝ ਕੀਲੇ ਹੋਏ, ਕੁਝ ਛੀਂਬੇ ... ਸਾਡੇ ਸਾਹਿੱਤ ਵਿੱਚ ਛੀਂਬੇ ਬਹੁਤ ਹਨ। ਕਈ ਕਵੀ ਤੇ ਕਹਾਣੀ ਲੇਖਕ ਏਸੇ ਜ਼ਾਤ 'ਤੋਂ ਆਏ ਹਨ ... ਸੰਤੋਖ ਸਿੰਘ ਧੀਰ, ਗੁਰਚਰਨ ਰਾਮਪੁਰੀ ਤੇ ਮੀਸ਼ਾ।[19] (ਸ਼ਿਵ ਕੁਮਾਰ ਬਟਾਲਵੀ)
- ਰੰਧਾਵਾ ਤਾਕਤ ਨੂੰ ਵੱਧ ਤੋ ਵੱਧ ਵਰਤਦਾ ਹੈ, ਉਹ ਅਜਿਹਾ ਘੋੜਾ ਹੈ, ਜੋ ਸਰਪੱਟ ਦੌੜਦਾ ਹੈ।[20] (ਐਮ.ਐਸ. ਰੰਧਾਵਾ)
- ਮੰਟੋ ਕੋਲ ਕਲਮ ਨਹੀਂ, ਤੇਜ਼ ਨਸ਼ਤਰ ਸੀ, ਜਿਸ ਨਾਲ ਉਹ ਸਮਾਜ ਦੀਆਂ ਨਾੜੀਆਂ ਵਿੱਚੋਂ ਗੰਦਾ ਖੂਨ ਕੱਢਦਾ ਸੀ।[21] (ਸਆਦਤ ਹਸਨ ਮੰਟੋ)

ਰਚਨਾਕਾਰ ਦੇ ਰੇਖਾ-ਚਿੱਤਰਾਂ ਦੀ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਵਿਸ਼ੇ ਨਾਲ ਪੂਰੀ ਤਰ੍ਹਾਂ ਜੁੜੇ ਹਨ। ਮੁੱਖ ਵਿਸ਼ੇ ਦੀ ਉਸਾਰੀ ਲਈ ਪਾਤਰਾਂ ਦੇ ਸਾਹਿਤਕ ਅਤੇ ਸੰਗੀਤਕ ਸਫ਼ਰ ਦੇ ਨਾਲ ਹੀ ਉਹਨਾਂ ਦੀ ਨਿੱਜੀ ਜ਼ਿੰਦਗੀ ਵਿਚਲੀਆਂ ਸਮੱਸਿਆਵਾਂ, ਸੰਘਰਸ਼ਾਂ, ਜਜ਼ਬਾਤਾਂ, ਹਾਸਿਆਂ ਅਤੇ ਰੋਣਿਆਂ ਨੂੰ ਪ੍ਰਭਾਵਮਈ ਢੰਗ ਨਾਲ ਪੇਸ਼ ਕੀਤਾ ਹੈ। ਉਹ ਵਿਸ਼ੇ ਨੂੰ ਏਕਾਤਮਕਤਾ ਅਤੇ ਉਤਸੁਕਤਾ ਨਾਲ ਪੇਸ਼ ਕਰਨ ਵਾਲਾ ਸਫ਼ਲ ਰੇਖਾ-ਚਿੱਤਰਕਾਰ ਹੈ। ਰੇਖਾ-ਚਿੱਤਰ ਦਾ ਵਿਸ਼ਾ ਇਕਹਿਰਾ ਹੁੰਦਾ ਹੈ। ਇਸ ਵਿੱਚ ਇਕ ਵਿਅਕਤੀ ਜਾਂ ਵਸਤੂ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ। ਸਾਹਿੱਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ ਮੁਤਾਬਕ "ਰੇਖਾ-ਚਿੱਤਰ ਲਈ ਸਭ ਤੋਂ ਅਨਿਵਾਰੀ ਗੁਣ ਰੇਖਾਕਾਰ ਦਾ ਲੇਖਕ ਨਾਲ ਗੂੜ੍ਹਾ ਰਿਸ਼ਤਾ ਹੋਣਾ ਹੈ। ਗੂੜੇ ਨਿੱਜੀ ਸੰਬੰਧਾਂ ਤੋਂ ਬਿਨਾਂ ਲਿਖਿਆ ਰੇਖਾ-ਚਿੱਤ੍ਰ ਵਿਅਕਤੀ ਨਾਲ ਪੂਰਾ ਨਿਆਂ ਨਹੀਂ ਕਰ ਸਕਦਾ। ਚੰਗਿਆਈਆਂ ਤੇ ਬੁਰਿਆਈਆਂ ਦੀ ਸੰਤੁਲਿਤ ਪ੍ਰਦਰਸ਼ਨੀ ਰਚਨਾ ਨੂੰ ਸਾਵਾਂਪਨ ਦਿੰਦੀ ਹੈ।"[22] ਬਲਵੰਤ ਗਾਰਗੀ ਦੀ ਸ਼ੈਲੀ ਰੌਚਕ, ਸੁਝਾਉ ਅਤੇ ਵਿਅੰਗਮਈ ਹੈ। ਉਹ ਆਪਣੀ ਰਚਨਾ ਵਿੱਚ ਪੇਸ਼ ਲੇਖਕਾਂ ਨੂੰ ਨੇੜਿਉਂ ਜਾਣਦਾ ਹੈ। ਪਾਤਰਾਂ ਦੇ ਚਿਹਰੇ-ਮੁਹਰੇ, ਪੁਸ਼ਾਕ, ਰਹਿਣੀ-ਬਹਿਣੀ, ਨਿੱਜ ਸੁਭਾਅ ਦੇ ਨਾਲ-ਨਾਲ ਉਨ੍ਹਾਂ ਦੇ ਸੂਖਮ ਸਾਹਿਤਕ ਤੱਤਾਂ ਤੋਂ ਵੀ ਜਾਣੂ ਕਰਵਾਉਂਦਾ ਹੈ। ਪਰ ਕਈ ਵਾਰ ਉਸਦਾ ਵਿਅੰਗ ਬੜਾ ਚੁਭਵਾਂ ਵੀ ਹੋ ਨਿਬੜਦਾ ਹੈ। ਇਸ ਵਿੱਚ ਗਲਪ ਰਸ ਦੇ ਨਾਲ ਹੀ ਪਾਤਰਾਂ ਦੇ ਸੁਭਾਅ ਬਾਰੇ ਹਲਕੀਆਂ ਟਕੋਰਾਂ, ਮਸ਼ਕਰੀਆਂ ਅਤੇ ਚਟਕਾਰੇ ਮਿਲਦੇ ਹਨ। "ਉਸਦੀ ਸ਼ਖ਼ਸੀਅਤ

ਇਤਨੀ ਸੁਕੜੀ ਹੋਈ ਤੇ ਰੁੱਖੀ ਸੀ ਕਿ ਮੈਨੂੰ ਉਸ ਵਿੱਚ ਕੋਈ ਦਿਲਚਸਪੀ ਨਾ ਲੱਗੀ। ਉਸਦਾ ਲਿਬਾਸ, ਉਸਦੇ ਕੰਨ ਦੀ ਮੁਰਕੀ, ਉਸਦੀ ਗਿੱਟਿਆਂ ਤੋਂ ਉੱਚੀ ਸਲਵਾਰ, ਸਭ ਕੁਝ ਦੇਖ ਕੇ ਇਉਂ ਲੱਗਦਾ ਸੀ, ਜਿਵੇਂ ਕੋਈ ਮੁਸਲਮਾਨ ਕਿਸੇ ਟੁੱਟੀ ਮਸਜਿਦ ਵਿੱਚ ਨਮਾਜ਼ ਪੜ੍ਹਨ ਜਾ ਰਿਹਾ ਹੋਵੇ।''[23] ਕਰਤਾਰ ਸਿੰਘ ਦੁੱਗਲ ਦੀ ਨਾਵਲ ਵਿਧੀ ਦੀਆਂ ਸੀਮਾਵਾਂ ਨੂੰ ਨਿਰਧਾਰਤ ਕਰਦਾ ਹੋਇਆ ਪੰਜਾਬੀ ਨਾਵਲ ਪਰੰਪਰਾਂ ਵਿੱਚ ਉਸਦੀ ਲੋੜੋਂ ਵਧੇਰੇ ਪ੍ਰਸ਼ੰਸਾ ਉੱਪਰ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ; ''ਤੇਰੀਆਂ ਕਹਾਣੀਆਂ ਦੀ ਬੁਣਤੀ ਸੰਘਣੀ ਹੁੰਦੀ ਹੈ, ਪਰ ਤੇਰੇ ਨਾਵਲ ... ਜਦੋਂ 'ਆਂਦਰਾਂ' ਪੜ੍ਹਿਆ ਤਾਂ ਲੱਗਾ ਜਿਵੇਂ ਕਈ ਨਿੱਕੀਆਂ-ਨਿੱਕੀਆਂ ਕਹਾਣੀਆਂ ਜੋੜ ਦਿੱਤੀਆਂ ਹੋਣ।''[24] ਉਸਦੀ ਇਸੇ ਵਿਅੰਗ ਦ੍ਰਿਸ਼ਟੀ ਕਾਰਨ ਕਈ ਲੇਖਕ ਉਸ ਨਾਲ ਨਾਰਾਜ਼ ਹੋ ਗਏ। ਲੇਖਕਾਂ ਦੀ ਇਸ ਨਾਰਾਜਗੀ ਦੇ ਕਾਰਨਾਂ ਨੂੰ ਪਹਿਚਾਣਦੇਂ ਹੋਏ ਡਾ. ਸਤਿੰਦਰ ਸਿੰਘ ਲਿਖਦੇ ਹਨ; ''ਲੇਖਕਾਂ ਨੂੰ ਜੇ ਇਤਰਾਜ ਹੋਇਆ ਹੈ ਤਾਂ ਉਹ ਉਸਦੇ ਤੱਥਾਂ ਉੱਪਰ ਨਹੀਂ, ਸਗੋ ਉਨ੍ਹਾਂ ਨਿੱਜੀ ਤੇ ਅਤਿ-ਨਿੱਜੀ ਪੱਖਾਂ ਦੇ ਪ੍ਰਗਟਾਉ ਕਰਕੇ ਹੋਇਆ ਹੈ, ਜੋ ਸ਼ਾਇਦ ਉਹ ਅਪ੍ਰਗਟ ਹੀ ਰਹਿਣ ਦੇਣਾ ਚਾਹੁੰਦੇ ਸਨ।''[25] ਰੇਖਾ-ਚਿੱਤਰਾਂ ਵਿਚਲੀ ਰੌਚਿਕਤਾ ਜਿੱਥੇ ਉਸਦੀ ਕੋਮਲ ਅਤੇ ਵਿਅੰਗਾਤਮਕ ਸ਼ੈਲੀ ਕਰਕੇ ਹੈ, ਉਥੇ ਜ਼ਿੰਦਗੀ ਦੇ ਕਈ ਗੁੱਝੇ ਰਹੱਸਾਂ ਨੂੰ ਜਾਣਨ ਵਿੱਚ ਵੀ ਹੈ। ਵਿਅੰਗਮਈ ਸ਼ੈਲੀ ਦੀ ਵਰਤੋਂ ਪਾਤਰਾਂ ਦੀ ਕਮਜ਼ੋਰੀਆਂ ਨੂੰ ਉਘਾੜਨ ਹਿੱਤ ਕਰਦਾ ਹੈ। ਉਹ ਕਲਾਤਮਕਤਾ ਰਾਹੀਂ ਆਪਣੇ ਪਾਤਰਾਂ ਉਤੇ ਚੋਟ ਵੀ ਕਰਦਾ ਹੈ ਅਤੇ ਨਾਲ ਹੀ ਉਹਨਾਂ ਬਾਰੇ ਗਹਿਰਾ ਪ੍ਰਭਾਵ ਵੀ ਪੈਦਾ ਕਰ ਜਾਂਦਾ ਹੈ। ''ਮੈਂ ਸਤਿਆਰਥੀ ਵਲ ਦੁਬਾਰਾ ਵੇਖਿਆ। ਉਹ ਬਿਲਕੁਲ ਕੋਈ ਹੋਰ ਹੀ ਆਦਮੀ ਲਗ ਰਿਹਾ ਸੀ। ਦੰਦ ਤੇ ਮੂੰਹ ਵੱਡਾ, ਤੇ ਜਬਾੜੇ ਹੇਠ ਗਿਲਟੀ। ਸਾਰੀ ਕਸ਼ਿਸ਼ ਤੇ ਖ਼ੂਬਸੂਰਤੀ ਗਾਇਬ। ਉਸਦੀ ਸ਼ਕਤੀ ਤਾਂ ਦਾੜ੍ਹੀ ਤੇ ਲੰਮੇ ਵਾਲਾਂ ਵਿੱਚ ਸੀ। ਵਾਲ ਕਟਵਾ ਕੇ ਉਹ ਬਿਲਕੁਲ ਬੀਮੇ ਦਾ ਏਜੰਟ ਲਗਦਾ ਸੀ।''[26] ਬਲਵੰਤ ਗਾਰਗੀ ਦੇ ਇਸ ਨਿੱਜੀ ਦ੍ਰਿਸ਼ਟੀਕੋਣ ਅਤੇ ਨਿੱਜੀ ਪ੍ਰਭਾਵ ਰਾਹੀਂ ਕਈ ਵਾਰੀ ਉਸਦਾ ਆਪਣਾ ਸਵੈ-ਚਿਤਰਨ ਵੀ ਹੋ ਜਾਂਦਾ ਹੈ। ਮੰਟੋ ਦੀਆਂ ਕਹਾਣੀਆਂ ਦੇ ਡੂੰਘੇ ਪ੍ਰਭਾਵ ਉਸਨੂੰ ਝੰਜੋੜਦੇ ਹਨ ''ਪਰ ਜਦ ਮੰਟੋ ਨੂੰ ਪੜ੍ਹਿਆ ਤਾਂ ਮਹਿਸੂਸ ਹੋਇਆ ਕਿ ਮੈਂ ਇਹੋ ਜਿਹੀ ਕਹਾਣੀ ਨਹੀਂ ਲਿਖ ਸਕਦਾ। ਕਾਸ਼ ! ਮੈਂ ਅਜਿਹੀ ਨਵੇਕਲੀ ਤੇ ਉੱਚ ਕੋਟੀ ਦੀ ਕਹਾਣੀ ਲਿਖ ਸਕਦਾ ਹੁੰਦਾ। ਨਹੀਂ, ਮੈਂ ਇਤਨੀ ਮਹਾਨ ਕਹਾਣੀ ਕਦੇ ਵੀ ਨਹੀਂ ਲਿਖ ਸਕਦਾ। ਮੰਟੋ ਮੇਰੇ ਲਈ ਕਹਾਣੀ ਦਾ ਆਦਰਸ਼ ਬਣ ਗਿਆ।''[27] ਵਾਰਤਾਕਾਰ

ਕਲਾਤਮਕਤਾ ਰਾਹੀਂ ਪਾਤਰਾਂ ਦੇ ਬਾਹਰੀ ਅਤੇ ਅੰਦਰੂਨੀ, ਪ੍ਰਤੱਖ ਅਤੇ ਅਪ੍ਰਤੱਖ ਜਾਂ ਦਿਸਦੇ ਅਤੇ ਗੁੱਝੇ ਪਾਸਾਰਾਂ ਨੂੰ ਮੂਰਤੀਮਾਨ ਕਰਦਾ ਹੈ। ਇਸੇ ਲਈ ਹੀ ਉਸਨੇ ਪੁਸਤਕ ਦੇ ਸ਼ੁਰੂ ਵਿੱਚ ਲਿਖਿਆ ਕਿ "ਅਸਲੀਅਤ ਕੀ ਹੈ ? ਸੱਚ ਕੀ ਹੈ ? ਇਹ ਹਮੇਸ਼ਾਂ ਸਾਪੇਖਕ ਹੁੰਦਾ ਹੈ। ਇਕੋ ਵੇਲੇ ਇਕ ਔਰਤ ਜਾਂ ਮਰਦ ਬਾਰੇ ਤਿੰਨ ਹਜ਼ਾਰ ਜਾਂ ਤਿੰਨ ਲੱਖ ਪ੍ਰਤਿ-ਵਿਰੋਧੀ ਗੱਲਾਂ ਸੱਚ ਹੋ ਸਕਦੀਆਂ ਹਨ। ਸੱਚ ਕਈ ਵਾਰ ਨੰਗਾ ਹੁੰਦਾ ਹੈ, ਕਈ ਵਾਰ ਲੁਕਿਆ ਹੋਇਆ। ਕਈ ਵਾਰ ਸਾਧ, ਕਈ ਵਾਰ ਚੋਰ। ਮੈਂ ਸਾਧ ਤੇ ਚੋਰ ਦੋਹਾਂ ਨੂੰ ਫੜ ਕੇ ਪਾਠਕ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ।"[28] ਭਾਵਾਂ ਅਤੇ ਵਿਚਾਰਾਂ ਦਾ ਜਿਤਨਾ ਸਫ਼ਲ ਅਤੇ ਸਹਿਜ ਪ੍ਰਗਟਾਵਾ ਬਿੰਬਾਂ ਦੁਆਰਾ ਹੋ ਸਕਦਾ ਹੈ, ਉਤਨਾ ਕਿਸੇ ਹੋਰ ਸਾਹਿਤਕ ਵਿਧੀ ਨਾਲ ਨਹੀਂ। ਵਾਰਤਾਕਾਰ ਨੇ ਸਪਰਸ਼ ਬਿੰਬ, ਨਾਦ ਬਿੰਬ ਅਤੇ ਦ੍ਰਿਸ਼ ਬਿੰਬ ਦੀ ਵਰਤੋਂ ਰਾਹੀਂ ਰਚਨਾ ਵਿੱਚ ਸੁਹਜ ਪੈਦਾ ਕੀਤਾ ਹੈ। ਉਹ ਪਾਤਰਾਂ ਦੇ ਮਨ ਵਿਚਲੇ ਭਾਵਾਂ ਦੀ ਵਿਆਖਿਆ ਪ੍ਰਤੀਕਾਂ ਰਾਹੀਂ ਕਰਕੇ ਰਚਨਾ ਨੂੰ ਰਸਮਈ ਬਣਾਉਂਦਾ ਹੈ। ਉਹ ਵਿਰੋਧਾਭਾਸੀ ਭਾਵਾਂ ਨੂੰ ਪੇਸ਼ ਕਰਨ ਲਈ ਤੁਲਨਾਤਮਕ ਬਿੰਬਾਵਲੀ ਦੀ ਵਰਤੋਂ ਕਰਦਾ ਹੈ। ਸ਼ਖ਼ਸੀਅਤ ਸੰਬੰਧੀ ਬਣੀਆਂ ਮਿੱਥਾਂ ਨੂੰ ਤੋੜਦਾ ਹੈ। ਪਾਤਰਾਂ ਦੀ ਕਮੀਆਂ ਅਤੇ ਔਗੁਣਾਂ ਦੀ ਆਲੋਚਨਾ ਕਰਦਾ ਹੈ :-

> ਕਵਿਤਾ ਲਿਖਣਾ ਪੀਂਘ ਝੂਟਣ ਵਾਂਗ ਹੈ। ਜੇ ਤੁਸੀਂ ਰੱਸੇ ਨੂੰ ਫੜਿਆ ਹੋਵੇ ਤੇ ਇਸ ਦੀ ਹੁਲਾਰਾ ਵਿੱਚ ਸਰੀਰ ਨੂੰ ਛੱਡ ਦਿਉ ਤਾਂ ਤੁਹਾਡੇ ਪੈਰ ਤਾਰਿਆਂ ਨੂੰ ਛੋਹ ਸਕਣਗੇ।[29] (ਅੰਮ੍ਰਿਤਾ ਪ੍ਰੀਤਮ)
>
> ਇਹੋ ਜਿਹੀ ਆਵਾਜ਼, ਜਿਸ ਵਿੱਚ ਜੰਗਲੀ ਕਬੀਲੇ ਦਾ ਹੁਸਨ ਤੇ ਦਿਲ ਨੂੰ ਧੂਹ ਪਾਉਣ ਵਾਲੀ ਹੂਕ ਸੀ, ਕਦੀ ਨਹੀਂ ਸੀ ਸੁਣੀ ਕਿਸੇ ਨੇ। ਇਸ ਵਿੱਚ ਪੰਜਾਬ ਦੀ ਰੂਹ ਗੂੰਜਦੀ ਸੀ। ਜੋ ਕੋਈ ਰੇਸ਼ਮਾਂ ਦੇ ਗੀਤ ਨੂੰ ਸੁਣਦਾ, ਦਿਲ ਫੜ੍ਹ ਕੇ ਬੈਠ ਜਾਂਦਾ।[30] (ਰੇਸ਼ਮਾ)

ਰਚਨਾਕਾਰ ਨੇ ਪਾਤਰਾਂ ਦੀਆਂ ਰਚਨਾਵਾਂ ਅਤੇ ਕਲਾ ਸੰਬੰਧੀ ਆਪਣੀਆਂ ਟਿੱਪਣੀਆਂ ਪੇਸ਼ ਕੀਤੀਆਂ ਹਨ। ਉਸ ਵੱਲੋਂ ਪੇਸ਼ ਇਹ ਟਿੱਪਣੀਆਂ ਉਸਦੇ ਕਲਾ ਸੰਬੰਧੀ ਨਜ਼ਰੀਏ ਨੂੰ ਵੀ ਉਭਾਰਦੀਆਂ ਹਨ। ਕਿਤੇ ਕਿਤੇ ਤਾਂ ਉਹ ਆਪਣੇ ਦ੍ਰਿਸ਼ਟੀਕੋਣ 'ਚੋਂ ਉਨ੍ਹਾਂ ਦੀ ਰਚਨਾ ਅਤੇ ਕਲਾ ਦੇ ਵਿਸ਼ੇ ਵੀ ਬਿਆਨ ਕਰ ਜਾਂਦਾ ਹੈ। 'ਨਿੰਮ ਦੇ ਪੱਤੇ', 'ਸੁਰਮੇ ਵਾਲੀ ਅੱਖ' ਅਤੇ 'ਕੌਡੀਆਂ

ਵਾਲਾ ਸੱਪ' ਰੇਖਾ-ਚਿੱਤਰਾਂ ਵਿੱਚ ਉਸ ਦੀ ਸੁਰ ਬੜੀ ਤਿੱਖੀ ਅਤੇ ਵਿਅੰਗਮਈ ਹੈ, ਲੇਕਿਨ ਜਿਵੇਂ-ਜਿਵੇਂ ਰੇਖਾ-ਚਿੱਤਰਾਂ ਦੀ ਗਿਣਤੀ ਅੱਗੇ ਵੱਧਦੀ ਜਾਂਦੀ ਹੈ, ਉਹ ਵਧੇਰੇ ਸਹਿਜ ਅਤੇ ਧੀਮੀ ਸੁਰ ਅਪਣਾ ਲੈਂਦਾ ਹੈ। ਇਸ ਦਾ ਕਾਰਣ ਸਾਹਿਤਕਾਰਾਂ ਦੁਆਰਾ ਕੀਤਾ ਵਿਰੋਧ ਵੀ ਹੋ ਸਕਦਾ ਹੈ। 'ਹੁਸੀਨ ਚੇਹਰੇ' ਰੇਖਾ ਚਿੱਤਰ ਵਿੱਚ ਉਸ ਦੀ ਵਿਧੀ ਪ੍ਰਸੰਸਾਮਈ ਸੁਰ ਵਾਲੀ ਹੈ। ਉਹ ਸ਼ਿਵ ਕੁਮਾਰ ਦੀਆਂ ਰਚਨਾਵਾਂ ਅਤੇ ਰੇਸ਼ਮਾ ਦੀ ਗਾਇਕੀ ਬਾਰੇ ਆਪਣੇ ਪ੍ਰਸੰਸਾਮਈ ਵਿਚਾਰ ਇਸ ਤਰ੍ਹਾਂ ਪੇਸ਼ ਕਰਦਾ ਹੈ: ''ਜੇ ਉਹ ਪਿਆਰ ਦਾ ਗੀਤ ਰਚਦਾ ਜਾਂ ਖ਼ੁਸ਼ੀ ਦਾ ਤਾਂ ਉਸ ਵੇਲੇ ਕਬਰਾਂ ਜਾਂ ਮੌਤ ਦੇ ਵਿਸ਼ੇ ਬਾਰੇ ਵੀ ਲਿਖਦਾ ਸੀ। ਨਾਨਕ ਉੱਤੇ ਰਹੱਸਵਾਦੀ ਕਵਿਤਾ ਰਚਣ ਪਿੱਛੋਂ ਉਸਨੇ ਉਸ ਵੇਲੇ ਉਧਾਲੇ ਉੱਤੇ ਨਜ਼ਮ ਲਿਖੀ। ... ਸ਼ਿਵ ਬਹੁ-ਪਾਸੜ ਤੇ ਬਹੁ-ਮੁਖੀ ਕਵੀ ਸੀ।''[31] ''ਰੇਸ਼ਮਾ ਦੇ ਗਾਉਣ ਦਾ ਅੰਦਾਜ਼ ਬਹੁਤ ਵਚਿੱਤਰ ਤੇ ਨਿਵੇਕਲਾ ਹੈ। ਉਹ ਸੁਰ ਦੀ ਪੂਰੀ ਸ਼ਕਤੀ ਨੂੰ ਨਿਚੋੜ ਕੇ ਇਸ ਦਾ ਰਸ ਪਿਲਾਉਂਦੀ ਹੈ ... ਰੇਸ਼ਮਾ ਦੀ ਆਵਾਜ਼ ਵਿੱਚ ਲਾਟਾਂ ਬਲਦੀਆਂ ਹਨ।''[32] ਇਸੇ ਪ੍ਰਸੰਸਾਮਈ ਸੁਰ ਉੱਤੇ ਟਿੱਪਣੀ ਕਰਦੇ ਹੋਏ ਡਾ. ਗੁਰਬਖਸ਼ ਸਿੰਘ ਫ਼ਰੈਂਕ ਨੇ ਲਿਖਿਆ ਹੈ ਕਿ ''ਇਸ ਪੁਸਤਕ (ਹੁਸੀਨ ਚਿਹਰੇ) ਨੂੰ ਪੜ੍ਹਨ ਉਪਰੰਤ ਦਿਮਾਗ ਵਿੱਚ ਇਕ ਐਸੇ ਬੁੱਤ ਸ਼ਿਕਨ ਦਾ ਬਿੰਬ ਉਭਰਦਾ ਹੈ, ਜਿਹੜਾ ਹਰ ਪਾਰਸਾਈ ਦੇ ਪਿੱਛੇ ਲੁਕੇ ਦੰਭ ਨੂੰ ਅਡੰਬਰ ਅਤੇ ਢਕੌਂਜ ਨੂੰ ਬੇਨਕਾਬ ਕਰਨ ਦੀਆਂ, ਹਰ ਬੁੱਤ ਨੂੰ ਤੋੜਨ ਦੀਆਂ ਸਹੁੰਆਂ ਖਾਂਦਾ ਖਾਂਦਾ ਜਿਉਂ ਹੀ ਮੰਦਰ ਦੀਆਂ ਦਲ੍ਹੀਜਾ ਟੱਪਦਾ ਹੈ, ਜੁੱਤੀ ਲਾਹ ਕੇ ਗੋਡਿਆਂ ਭਾਰ ਹੁੰਦਾ ਬੁੱਤਾਂ ਦੀ ਪੂਜਾ ਵਿੱਚ ਮਗਨ ਹੋ ਜਾਂਦਾ ਹੈ।''[33] ਉਸ ਨੇ ਆਪਣੇ ਰੇਖਾ-ਚਿੱਤਰਾਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਹੈ। ਵਿਦੇਸ਼ਾਂ ਵਿੱਚ ਘੁੰਮਣ ਕਾਰਨ ਉਹ ਅੰਗਰੇਜ਼ੀ ਸਾਹਿਤ ਨਾਲ ਜੁੜਿਆ ਹੋਇਆ ਸੀ, ਜਿਸ ਕਰਕੇ ਉਸ ਦੀਆਂ ਵਾਰਤਕ ਰਚਨਾਵਾਂ ਵਿੱਚ ਅੰਗਰੇਜ਼ੀ ਦੇ ਸ਼ਬਦ ਸਹਿਜ ਸੁਭਾਵਕ ਵਰਤੇ ਗਏ ਹਨ, ਜਿਵੇਂ ਮੈਗਜ਼ੀਨ, ਰੈਸਤੋਰਾ, ਡਿਪਲੋਮੇਸੀ, ਡਰਾਈਵਿੰਗ ਫੋਰਸ, ਡੈਮੋਕਰੇਸੀ, ਰਾਈਟਿੰਗ, ਸਲੀਪਿੰਗ, ਕਲਚਰਲ, ਫੈਸਟੀਵਲ ਆਦਿ। ਇਸ ਦੇ ਨਾਲ ਅਰਬੀ-ਫ਼ਾਰਸੀ ਦੇ ਸ਼ਬਦਾਂ ਕਤਲ, ਕਾਤਿਲ, ਨਜ਼ੀਰ, ਅਦੀਬ, ਨਮਾਜ਼, ਫ਼ਿਕਰੇ, ਹਾਕਿਮ, ਮਜਲੂਮ ਦੀ ਵਰਤੋਂ ਕਰਕੇ ਰਚਨਾ ਨੂੰ ਖਿੱਚ ਭਰਪੂਰ ਅਤੇ ਆਕਰਸ਼ਕ ਬਣਾਇਆ ਹੈ। ਪਰ ਦੇਖਣ ਵਾਲੀ ਗੱਲ ਹੈ ਕਿ ਉਸਨੇ ਇਹਨਾਂ ਭਾਸ਼ਾਵਾਂ ਨੂੰ ਪੰਜਾਬੀ ਭਾਸ਼ਾ ਉੱਪਰ ਹਾਵੀ ਨਹੀ ਹੋਣ ਦਿੱਤਾ। ਦੂਜੀਆਂ ਭਾਸ਼ਾਵਾਂ ਦੇ ਸ਼ਬਦ ਨੂੰ ਉਹ ਸਹਿਜ ਸੁਭਾਵਕ ਵਰਤਦਾ ਹੈ। ਉਹ ਸ਼ਬਦਾਂ ਅਤੇ ਵਾਕਾਂ ਦੀ ਸੰਜਮਤਾ ਨਾਲ ਵਰਤੋਂ ਕਰਕੇ

ਪਾਤਰਾਂ ਦੀ ਤਸਵੀਰਕਸ਼ੀ ਕਰ ਜਾਂਦਾ ਹੈ। ਵਿਚਾਰਾਂ ਦੀ ਡੂੰਘਾਈ ਅਤੇ ਸੰਜਮ ਉਸਦੀ ਲੇਖਣੀ ਦਾ ਕਮਾਲ ਹਨ। ਉਹ ਥੋੜੇ ਸ਼ਬਦਾਂ ਰਾਹੀਂ ਵੱਡੀ ਬਿਆਨਬਾਜੀ ਕਰ ਜਾਂਦਾ ਹੈ। ਉਸਨੇ ਮੁਹਾਵਰੇ ਅਤੇ ਅਖਾਣ ਵਰਤ ਕੇ ਰਚਨਾ ਵਿੱਚ ਸੰਜਮਤਾ ਪੈਦਾ ਕੀਤੀ ਹੈ। ਬਲਵੰਤ ਗਾਰਗੀ ਨੇ ਸਮਾਸੀ ਸ਼ਬਦ ਵਰਤ ਕੇ ਰਚਨਾ ਵਿੱਚ ਸੰਘਣਤਾ ਪੈਦਾ ਕੀਤੀ ਹੈ। ਵਰਤੇ ਗਏ ਸਮਾਸੀ ਸ਼ਬਦ ਚੀਫ਼-ਕਮਿਸ਼ਨਰੀਆ, ਊਲ-ਜਲੂਲ, ਚਿੱਤਰ-ਕਲਾ, ਦੋ-ਮੰਜ਼ਲਾ, ਜੀਉਂਦੇ-ਜੀ, ਗੱਪ-ਸ਼ੱਪ, ਵਾਰਮ-ਅੱਪ ਅਤੇ ਕੋਕ ਸ਼ਾਸਤਰ ਹਨ। ਰਚਨਾ ਵਿੱਚ ਕਈ ਸ਼ਬਦ ਵਾਰ-ਵਾਰ ਦੁਹਰਾਏ ਗਏ ਹਨ। ਅਨੇਕ ਥਾਵਾਂ ਉਪਰ ਸ਼ਬਦਾਵਲੀ ਅਤੇ ਸ਼ਬਦ ਭੰਡਾਰ ਹੋਰ ਪਕੇਰੀ ਅਵਸਥਾ ਨੂੰ ਪਹੁੰਚ ਜਾਂਦੇ ਹਨ, ਜਦੋਂ ਉਹ ਉਪਸਰਗਾਂ ਦੀ ਵਰਤੋਂ ਕਰਦਾ ਹੈ :-

- ਬੇ-ਇੰਤਹਾ, ਬੇ-ਖੋਫ਼, ਬੇ-ਰਬਤ, ਬੇ-ਹਦ, ਬੇ-ਰਸ, ਬੇ-ਪੇਂਦਾ, ਬੇ-ਪਰਵਾਹੀ
- ਅੱਧ-ਹਨੇਰਾ, ਅੱਧ-ਕੱਜੇ, ਅੱਧ-ਪੜ
- ਅਣ-ਕੱਜੇ
- ਬਹੁ-ਪਾਸੜ, ਬਹੁ-ਮੁਖੀ

ਸੋ ਸਮੁੱਚੇ ਤੌਰ ’ਤੇ ਅਸੀ ਕਹਿ ਸਕਦੇ ਹਾਂ ਕਿ ਬਲਵੰਤ ਗਾਰਗੀ ਵਾਰਤਕ ਖੇਤਰ ਵਿੱਚ ਸਥਾਪਤ ਰੇਖਾ-ਚਿੱਤਰਕਾਰ ਹੈ। ਉਸ ਦੇ ਰੇਖਾ-ਚਿੱਤਰਾਂ ਵਿੱਚ ਸਿਰਜਨਾ ਅਤੇ ਆਲੋਚਨਾ, ਵਾਸਤਵਿਕਤਾ ਅਤੇ ਕਾਲਪਨਿਕਤਾ ਭਾਵ ਜੀਵਨ ਅਤੇ ਸਾਹਿਤ ਦਾ ਸੁੰਦਰ ਸੁਮੇਲ ਹੁੰਦਾ ਹੈ। ਇਸ ਵਿੱਚ ਵਿਅੰਗ ਹੁੰਦਾ ਹੈ, ਪਰ ਰਚਨਾਕਾਰ ਪੂਰੀ ਤਰ੍ਹਾਂ ਸੁਹਿਰਦ ਰਹਿਣ ਦੀ ਕੋਸ਼ਿਸ਼ ਕਰਦਾ ਹੈ। ਉਸਨੇ ਪਾਤਰਾਂ ਦੀ ਅੰਦਰੂਨੀ ਸੁੰਦਰਤਾ ਨੂੰ ਉਘਾੜਨ ਦਾ ਯਤਨ ਕੀਤਾ ਹੈ, ਜਿਸ ਤੋਂ ਪਾਠਕ ਨੂੰ ਸਾਹਿਤਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

# ਹਵਾਲੇ ਅਤੇ ਟਿੱਪਣੀਆਂ


1) ਡਾ. ਸਤਿੰਦਰ ਸਿੰਘ, ਵਿਹਾਰਕ ਸਮੀਖਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011, ਪੰਨਾ 746.
2) ਬਲਵੰਤ ਗਾਰਗੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਨਵਯੁਗ ਪਬਲਿਸ਼ਰਜ਼, ਦਿੱਲੀ, 2014, ਪੰਨਾ 369.
3) ਉਹੀ, 'ਕੌਡੀਆਂ ਵਾਲਾ ਸੱਪ', ਸ਼ਰਬਤ ਦੀਆਂ ਘੁੱਟਾਂ, ਪੰਨਾ 271.
4) ਉਹੀ, ਪੰਨਾ 252.
5) ਉਹੀ, ਪੰਨਾ 291.
6) ਉਹੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਪੰਨਾ 447.
7) ਉਹੀ, ਪੰਨਾ 395.
8) ਉਹੀ, ਪੰਨਾ 435.
9) ਕ੍ਰਿਪਾਲ ਸਿੰਘ ਕਸੇਲ (ਸੰਪਾ.) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ, 1972, ਪੰਨਾ 489.
10) ਬਲਵੰਤ ਗਾਰਗੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਪੰਨਾ 391.
11) ਉਹੀ, 'ਕੌਡੀਆਂ ਵਾਲਾ ਸੱਪ', ਸ਼ਰਬਤ ਦੀਆਂ ਘੁੱਟਾਂ, ਪੰਨਾ 280.
12) ਉਹੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਪੰਨਾ 328.
13) ਉਹੀ, ਪੰਨਾ 424.
14) ਉਹੀ, 'ਕੌਡੀਆਂ ਵਾਲਾ ਸੱਪ', ਸ਼ਰਬਤ ਦੀਆਂ ਘੁੱਟਾਂ, ਪੰਨਾ 292.
15) ਉਹੀ, ਪੰਨਾ 272.
16) ਉਹੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਪੰਨਾ 375.
17) ਡਾ. ਅਬਨਾਸ਼ ਕੌਰ, ਪੰਜਾਬੀ ਰੇਖਾ-ਚਿਤ੍ਰ:ਸਰੂਪ ਤੇ ਸਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1990, ਪੰਨੇ 2-3.
18) ਬਲਵੰਤ ਗਾਰਗੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਪੰਨਾ 368.
19) ਉਹੀ, 'ਕੌਡੀਆਂ ਵਾਲਾ ਸੱਪ', ਸ਼ਰਬਤ ਦੀਆਂ ਘੁੱਟਾਂ, ਪੰਨਾ 314.

20) ਉਹੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਪੰਨਾ 417.

21) ਉਹੀ, ਪੰਨਾ 330.

22) ਰਤਨ ਸਿੰਘ ਜੱਗੀ (ਸੰਪਾ.), ਸਾਹਿੱਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਪੰਨਾ 747.

23) ਬਲਵੰਤ ਗਾਰਗੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਪੰਨਾ 397.

24) ਉਹੀ, 'ਕੌਡੀਆਂ ਵਾਲਾ ਸੱਪ', ਸ਼ਰਬਤ ਦੀਆਂ ਘੁੱਟਾਂ, ਪੰਨਾ 302.

25) ਡਾ. ਸਤਿੰਦਰ ਸਿੰਘ, ਵਿਹਾਰਕ ਸਮੀਖਿਆ, ਪੰਨਾ 333.

26) ਬਲਵੰਤ ਗਾਰਗੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਪੰਨਾ 375.

27) ਉਹੀ, ਪੰਨਾ 325.

28) ਉਹੀ, ਸ਼ਰਬਤ ਦੀਆਂ ਘੁੱਟਾਂ, ਪੰਨਾ 9.

29) ਉਹੀ, 'ਕੌਡੀਆਂ ਵਾਲਾ ਸੱਪ', ਸ਼ਰਬਤ ਦੀਆਂ ਘੁੱਟਾਂ, ਪੰਨਾ 287.

30) ਉਹੀ, 'ਹੁਸੀਨ ਚਿਹਰੇ', ਸ਼ਰਬਤ ਦੀਆਂ ਘੁੱਟਾਂ, ਪੰਨਾ 358.

31) ਉਹੀ, ਪੰਨਾ 409.

32) ਉਹੀ, ਪੰਨਾ 364.

33) ਮੋਹਨ ਭੰਡਾਰੀ (ਸੰਪਾ.) ਗਾਥਾ ਗਾਰਗੀ ਦੀ, ਲੋਕ ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, 2004, ਪੰਨਾ 65.